[Extract from the Punjab Govt. Gaz. (Extra.), dated the 7th June, 2010]

ਪੰਜਾਬ ਸਰਕਾਰ

ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ

(ਮਕਾਨ ਉਸਾਰੀ-1 ਸ਼ਾਖਾ) ਚੰਡੀਗੜ੍ਹ

ਅਧਿਸੂਚਨਾ

ਮਿਤੀ 7 ਜੂਨ, 2010

**ਨੰ: 6/15/2008/1ਮਓ1/1712.**—ਜਦੋਂ ਕਿ ਪੰਜਾਬ ਦੇ ਰਾਜਪਾਲ ਜੀ ਨੂੰ ਇਹ ਪ੍ਰਤੀਤ ਹੋਇਆ ਹੈ ਕਿ ਅਰਬਨ ਅਸਟੇਟ, ਫੇਜ਼ 3, ਬਠਿੰਡਾ ਦੀ ਸਥਾਪਨਾ ਦੇ ਸਬੰਧ ਵਿੱਚ ਬਣੀਆਂ 80, 60 ਤੇ 40 ਫੁੱਟੀਆਂ ਪਲੈਨਡ ਸੜਕਾਂ ਦੀ ਬਣਤਰ ਵਿੱਚ ਪਹਿਲਾਂ ਵਰਤੀ ਜਾ ਚੁੱਕੀ ਭੌਂ ਜਿਸ ਦਾ ਵੇਰਵਾ ਥੱਲੇ ਦਿੱਤਾ ਹੈ ਅਤੇ ਇਸ ਭੌਂ ਦਾ ਸੁਪਰੀਮ ਕੋਰਟ ਵੱਲੋਂ ਭੌਂ ਮਾਲਕਾਂ ਦੇ ਹੱਕ ਵਿੱਚ ਫੈਸਲਾ ਹੋ ਚੁੱਕਿਆ ਹੈ, ਨੂੰ ਜਨਤਕ ਹਿੱਤ ਤੇ ਜਨਤਕ ਖਰਚੇ ਤੇ ਪਹਿਲਾਂ ਬਣੀਆਂ ਸੜਕਾਂ ਨੂੰ ਚਾਲੂ ਰੱਖਣ ਲਈ ਭੌਂ ਨੂੰ ਰੀ-ਅਕਵਾਇਰ ਕਰਨ ਲਈ ਇਸ ਭੌਂ ਦੀ ਲੋੜ ਹੈ ਇਸ ਲਈ ਇਸ ਅਧਿਸੂਚਨਾ ਦੁਆਰਾ ਹਰ ਸਬੰਧਤ ਤੇ ਵਾਸਤਾਦਾਰ ਵਿਅਕਤੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠ ਲਿਖੇ ਵੇਰਵੇ ਵਿੱਚ ਦਰਸਾਈ ਭੌਂ ਜੋ ਉੱਤੇ ਦੱਸੇ ਉਦੇਸ਼ ਲਈ ਲੋੜੀਂਦੀ ਹੈ, ਨੂੰ ਰੀ-ਅਕਵਾਇਰ ਕੀਤਾ ਜਾਣਾ ਜਰੂਰੀ ਹੈ ।

2. ਇਹ ਡਿਕਲਰੇਸ਼ਨ ਭੌਂ ਪ੍ਰਾਪਤੀ ਐਕਟ, 1894 ਦੀ ਧਾਰਾ 6 ਅਧੀਨ ਉਹਨਾਂ ਸਾਰਿਆਂ ਲਈ ਜਾਰੀ ਕੀਤਾ ਜਾਂਦਾ ਹੈ ਜੋ ਇਸ ਨਾਲ ਕਿਸੇ ਵੀ ਤਰਾਂ ਸਬੰਧਤ ਹਨ ਅਤੇ ਉਕਤ ਐਕਟ ਦੀ ਧਾਰਾ 7 ਅਧੀਨ ਭੌਂ ਪ੍ਰਾਪਤੀ ਕੁਲੈਕਟਰ, ਪੁੱਡਾ ਕੰਪਲੈਕਸ, ਭਾਗੂ ਰੋਡ, ਬਠਿੰਡਾ ਨੂੰ ਥੱਲੇ ਦੱਸੀ ਭੌਂ ਨੂੰ ਪ੍ਰਾਪਤ ਕਰਨ ਦੀਆਂ ਸਾਰੀਆਂ ਕਾਰਵਾਈਆਂ ਕਰਨ ਹਿੱਤ ਕੁਲੈਕਟਰ, ਭੌਂ ਪ੍ਰਾਪਤੀ ਨਿਯੁਕਤ ਕੀਤਾ ਜਾਂਦਾ ਹੈ ।

3. ਪ੍ਰਾਪਤ ਕੀਤੀ ਜਾ ਰਹੀ ਭੋਂ ਦੇ ਨਕਸ਼ੇ ਤੇ ਹੋਰ ਸਬੰਧਤ ਰਿਕਾਰਡ ਵਧੀਕ ਮੁੱਖ ਪ੍ਰਸ਼ਾਸ਼ਕ-ਕਮ-ਭੋਂ ਪ੍ਰਾਪਤੀ ਕੁਲੈਕਟਰ, ਪੁੱਡਾ, ਭਾਗੂ ਰੋਡ, ਬਠਿੰਡਾ ਦੇ ਦਫ਼ਤਰ ਵਿੱਚ ਕਿਸੇ ਵੀ ਕੰਮ ਵਾਲੇ ਦਿਨ ਦੇਖੇ ਜਾ ਸਕਦੇ ਹਨ ।

**ਪ੍ਰਾਪਤੀ ਅਧੀਨ ਥਾਂ ਦੇ ਰੈਵਨਿਉ ਰਿਕਾਰਡ ਅਨੁਸਾਰ ਵੇਰਵੇ**

| ਜ਼ਿਲ੍ਹਾ | ਤਹਿਸੀਲ | ਪਿੰਡ | ਹੱਦਬਸਤ ਨੰ: | ਖਸਰਾ ਨੰ: | ਰਕਬਾ | | ਕਿਸਮ ਜ਼ਮੀਨ |
|---|---|---|---|---|---|---|---|
| | | | | | ਬਿਘੇ | ਵਿਸਵੇ | |
| ਬਠਿੰਡਾ | ਬਠਿੰਡਾ | ਬਠਿੰਡਾ | 70 | 2522 ਮਿਨ | 0 | 12 | ਗੈਰ-ਮੁਮੰਕਿਨ |
| | | | | 2525/4 ਮਿਨ | 1 | 1 | ਗੈਰ-ਮੁਮੰਕਿਨ |
| | | | | 5058/2531 ਮਿਨ | 2 | 0 | ਗੈਰ-ਮੁਮੰਕਿਨ |
| | | | | 2535 ਮਿਨ | 2 | 14 | ਗੈਰ-ਮੁਮੰਕਿਨ |
| | | | | 2536 ਮਿਨ | 2 | 15 | ਗੈਰ-ਮੁਮੰਕਿਨ |
| | | | | 5064/2546 ਮਿਨ | 0 | 12 | ਗੈਰ-ਮੁਮੰਕਿਨ |
| | | | | ਕੁੱਲ ਜੋੜ : 6 ਖੇਤ | 9 | 14 | ਗੈਰ-ਮੁਮੰਕਿਨ |
| | | | | | ਯਾਂ | | |
| | | | | | 2.02 ਏਕੜ | | |
| | | | | | ਯਾਂ | | |
| | | | | | 9781 ਵ:ਗ: | | |

ਐਸ. ਐਸ. ਸੰਧੂ,
ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
ਚੰਡੀਗੜ੍ਹ ।

ਚੰਡੀਗੜ੍ਹ :
ਮਿਤੀ 2 ਜੂਨ , 2010.

*13160 CS(P)—Govt. Press, U.T., Chd.*